Cleaning Home/Off 647-854-9038
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Personal Loan Business Loan Home Line of Credit 416-816-8500
12 Beds, 7 Baths For 24 Guests 416-816-8500
ਮਰਦਾਨਾ ਕਮਜ਼ੋਰੀ 416-992-5489
ਸਫ਼ਾਈ ਕਰਾਓ ਘਰ ਜਾਂ ਆਫ਼ਿਸ 647-854-9038
ਇੰਡੀਅਨ ਵੀਜ਼ਾ OCI & Passport Renewal 514-389-7070
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਜਦੋਂ ਤੁਸੀਂ ਸਭ ਕੁਝ ਕਰ ਚੁੱਕੇ ਹੋਵੋਗੇ ਤਾਂ ਉਸ ਤੋਂ ਬਾਅਦ ਤੁਸੀਂ ਕੀ ਕਰੋਗੇ ? ਜਦੋਂ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ ਤਾਂ ਤੁਸੀਂ ਕਿਹੜੀ ਸਮੱਸਿਆ ਦਾ ਹੱਲ ਕਰੋਗੇ ? ਕੀ ਤੁਹਾਨੂੰ ਨਹੀਂ ਲੱਗਦਾ ਕਿ ਤੁਸੀਂ ਕਦੇ ਵੀ ਉਸ ਮੁਕਾਮ 'ਤੇ ਪਹੁੰਚੋਗੇ ? ਕੀ ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਧਰਤੀ 'ਤੇ ਆਪਣੇ ਸਮੇਂ ਦੇ ਅੰਤ ਤਕ ਇੰਝ ਹੀ ਤਨਾਅ ਨਾਲ ਜੂਝਦੇ ਰਹੋਗੇ ? ਆਹ ! ਜ਼ਰਾ ਰੁਕਿਓ। ਜੇਕਰ ਅਜਿਹਾ ਹੈ ਤਾਂ ਸਿਰਫ਼ ਇੱਕ ਹੀ ਸਿੱਟਾ ਨਿਕਲ ਸਕਦਾ ਹੈ। ਲਗਾਤਾਰ ਦੱਬਾਅ ਹੇਠ ਰਹਿਣਾ ਵੀ ਇੱਕ ਅਜਿਹੀ ਸ਼ੈਅ ਹੈ ਜਿਸ ਦਾ ਸਾਨੂੰ ਆਨੰਦ ਮਾਨਣਾ ਸਿੱਖਣਾ ਚਾਹੀਦਾ ਹੈ। ਹਮੇਸ਼ਾ ਯਾਦ ਰੱਖੋ, ਤੁਹਾਡੀ ਜ਼ਿੰਦਗੀ 'ਚ, ਯਾਤਰਾ ਹੀ ਅਸਲ ਮੰਜ਼ਿਲ ਹੈ !

ਕੁਝ ਚੀਜ਼ਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਅਸੀਂ ਸਮੇਂ ਦੀ ਦਹਿਲੀਜ਼ ਤੋਂ ਪਾਰ ਆਪਣੇ ਨਾਲ ਨਹੀਂ ਲਿਜਾ ਸਕਦੇ। ਅਨੁਭਵ, ਭਾਵੇਂ ਉਹ ਇੱਕ ਪਲ 'ਚ ਕਿੰਨੇ ਵੀ ਅਸਲੀ ਕਿਓਂ ਨਾ ਲਗਦੇ ਹੋਣ, ਤੇਜ਼ੀ ਨਾਲ ਯਾਦਾਂ ਬਣ ਕੇ ਰਹਿ ਜਾਂਦੇ ਹਨ। ਫ਼ਿਰ ਵੀ, ਹਾਲਾਂਕਿ ਸਾਰੀਆਂ ਚੀਜ਼ਾਂ ਅੰਤ 'ਚ ਗੁਜ਼ਰ ਹੀ ਜਾਂਦੀਆਂ ਨੇ, ਅਜਿਹਾ ਲਗਦੈ ਕਿ ਕੁਝ ਚੀਜ਼ਾਂ ਸਾਡੀ ਇੱਛਾ ਤੋਂ ਵੱਧ ਸਮੇਂ ਤਕ ਸਾਡੇ ਨਾਲ ਰਹਿੰਦੀਆਂ ਹਨ। ਤੁਸੀਂ ਇੱਕਦਮ ਉਹ ਸਭ ਕੁਝ ਆਪਣੇ ਪਿੱਛੇ ਨਹੀਂ ਛੱਡ ਸਕਦੇ ਜੋ ਤੁਹਾਡਾ ਅਤੀਤ ਸੀ। ਕੁਝ ਭਾਵਨਾਤਮਕ ਜ਼ਿੰਮੇਵਾਰੀਆਂ ਤੁਹਾਡਾ ਪਿੱਛਾ ਕਰਦੀਆਂ ਰਹਿਣਗੀਆਂ। ਪਰ ਤੁਸੀਂ ਉਸ ਡਰ ਨੂੰ ਅਲਵਿਦਾ ਜ਼ਰੂਰ ਆਖ ਸਕਦੇ ਹੋ ਜੋ ਤੁਸੀਂ ਹੁਣ ਥੋੜ੍ਹਾ ਲੋੜੋਂ ਵੱਧ ਵਧਾ ਦਿੱਤਾ ਹੈ।

ਕੀ ਅਸੀਂ ਸਾਰੇ ਹੀ ਏਲੀਅਨਜ਼ ਜਾਂ ਕਿਸੇ ਦੂਸਰੀ ਦੁਨੀਆਂ ਤੋਂ ਆਏ ਹੋਏ ਲੋਕ ਨਹੀਂ ? ਕੀ ਅਸੀਂ ਸਾਰੇ ਇੱਕ ਦਿਨ ਰਹੱਸਮਈ ਢੰਗ ਨਾਲ ਧਰਤੀ 'ਤੇ ਪ੍ਰਗਟ ਨਹੀਂ ਹੋ ਜਾਂਦੇ, ਅਤੇ ਫ਼ਿਰ ਕੁਝ ਸਮੇਂ ਬਾਅਦ ਅਚਾਨਕ ਇੱਥੋਂ ਚਲੇ ਜਾਂਦੇ ਹਾਂ ? ਜੇ ਸਾਨੂੰ ਨਹੀਂ ਪਤਾ ਕਿ ਅਸੀਂ ਆਏ ਕਿੱਥੋਂ ਹਾਂ ਤਾਂ ਅਸੀਂ ਇਸ ਬਾਰੇ ਨਿਸ਼ਚਿਤ ਕਿਵੇਂ ਹੋ ਸਕਦੇ ਹਾਂ ਕਿ ਅਸੀਂ ਕਿੱਥੇ ਹਾਂ ? ਅਸੀਂ ਜ਼ਿੰਦਗੀ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ। ਜਦੋਂ ਸਾਨੂੰ ਸੱਚਮੁੱਚ ਇਸ ਸਭ ਤੋਂ ਉੱਪਰ ਉੱਠਣ ਦੀ ਲੋੜ ਹੁੰਦੀ ਹੈ, ਅਸੀਂ ਖ਼ੁਦ ਨੂੰ ਹਾਲਾਤ ਦੇ ਦਬਾਅ ਹੇਠ ਆਉਣ ਦਿੰਦੇ ਹਾਂ। ਹੁਣ ਤੁਹਾਡੇ ਕੋਲ ਆਪਣੀ ਇੱਕ ਇੱਛਾ ਜਾਂ ਭਾਵਨਾਤਮਕ ਜ਼ਰੂਰਤ ਨੂੰ ਪੂਰਾ ਕਰਨ ਦਾ ਇੱਕ ਵੱਡਾ ਮੌਕਾ ਹੈ। ਹਰ ਤਰੀਕੇ ਨਾਲ ਆਪਣੇ ਮੌਕੇ ਦਾ ਫ਼ਾਇਦਾ ਉਠਾਓ ਪਰ ਬਹੁਤੇ ਜ਼ਿਆਦਾ ਖ਼ੁਸ਼ ਨਾ ਹੋਵੋ। ਸ਼ਾਂਤ ਰਹੋ, ਮਨੁੱਖ ਬਣੇ ਰਹੋ, ਸਿਆਣੇ ਬਣੋ ਅਤੇ ਇੱਕ ਹੈਰਾਨ ਕਰਨ ਵਾਲੇ ਰਹੱਸ 'ਤੇ ਰੌਸ਼ਨੀ ਪਾਉਣ ਲਈ ਤਿਆਰ ਰਹੋ।

ਇਹ ਆਪਣੇ ਯਕੀਨ ਤੋਂ ਡੋਲਣ ਦਾ ਸਮਾਂ ਨਹੀਂ। ਪਹਿਲਾਂ ਤਾਂ, ਤੁਹਾਡੇ ਕੋਲ ਅਜਿਹਾ ਕਰਨ ਦੀ ਕਿਸੇ ਕਿਸਮ ਦੀ ਵੀ ਅਧਿਕਾਰਿਤ ਇਜਾਜ਼ਤ ਨਹੀਂ। ਅੱਜਕੱਲ੍ਹ, ਢੁਕਵੇਂ ਅਧਿਕਾਰੀਆਂ ਤੋਂ ਤਿੰਨ-ਤਿੰਨ ਵਾਰ ਤਸਦੀਕਸ਼ੁਦਾ ਅਧਿਕਾਰ ਪ੍ਰਾਪਤ ਕੀਤੇ ਬਿਨਾਂ, ਹਿੱਲਣਾ ਅਤੇ ਚਿੰਤਾ ਕਰਨਾ ਸਮਾਜ-ਵਿਰੋਧੀ ਅਪਰਾਧ ਮੰਨੇ ਜਾਂਦੇ ਹਨ। ਦੂਸਰਾ, ਤੁਹਾਡੇ ਕੋਲ ਮਾਣਮੱਤਾ ਹੋਣ ਅਤੇ ਪ੍ਰਾਪਤ ਕਰਨ ਲਈ ਬਹੁਤ ਕੁਝ ਹੈ। ਆਪਣੇ ਮਨੋਵਿਗਿਆਨਕ ਅਤੇ ਭਾਵਨਾਤਮਕ ਸਰੋਤਾਂ ਦੀ ਡੂੰਘਾਈ 'ਤੇ ਸ਼ੱਕ ਕਰਨਾ ਪੂਰੀ ਤਰ੍ਹਾਂ ਅਸਵੀਕਾਰਣਯੋਗ ਹੈ। ਬੇਸ਼ੱਕ ਤੁਹਾਨੂੰ ਇਹ ਨਾ ਲਗਦਾ ਹੋਵੇ ਕਿ ਤੁਹਾਡੇ ਕੋਲ ਬਹੁਤ ਕੁਝ ਹੈ, ਪਰ ਤੁਹਾਡੇ ਕੋਲ ਉਹ ਸਭ ਕੁਝ ਹੈ ਜੋ ਤੁਹਾਨੂੰ ਚਾਹੀਦੈ ... ਅਤੇ ਤੁਸੀਂ ਇਸ ਨੂੰ ਬਹੁਤ ਵਧੀਆ ਢੰਗ ਨਾਲ ਵਰਤਣ ਵੀ ਵਾਲੇ ਹੋ !

ਅਸੀਂ ਕਹਿੰਦੇ ਹਾਂ, "ਜਦੋਂ ਮੈਨੂੰ ਇਹ ਮਿਲੇਗਾ, ਮੈਂ ਖ਼ੁਸ਼ ਹੋ ਜਾਵਾਂਗਾ।" ਅਸੀਂ ਸੋਚਦੇ ਹਾਂ, "ਜੇ ਇਹ ਵਾਪਰਦਾ ਹੈ ਜਾਂ ਉਹ ਆਪਣੇ ਆਪ ਠੀਕ ਹੋ ਜਾਂਦੈ ਤਾਂ ਮੈਨੂੰ ਬਹੁਤ ਚੰਗਾ ਲੱਗੇਗਾ।" ਸੰਤੁਸ਼ਟੀ ਨੂੰ ਕੁਝ ਚਿਰ ਲਈ ਟਾਲਣਾ ਇੱਕ ਗੱਲ ਹੈ, ਪਰ ਉਸ ਨੂੰ ਪੂਰੀ ਤਰ੍ਹਾਂ ਕਿਸੇ ਇੱਕ ਖ਼ਾਸ ਪ੍ਰਾਪਤੀ ਨਾਲ ਜੋੜ ਕੇ ਦੇਖਣਾ ਬਿਲਕੁਲ ਦੂਸਰੀ। ਤੁਸੀਂ ਆਪਣੀ ਜ਼ਿੰਦਗੀ 'ਚ ਜੋ ਵੀ ਕਰਨ ਜਾਂ ਬਦਲਣ ਦਾ ਇਰਾਦਾ ਕੀਤਾ ਹੈ, ਇਹ ਤਹੱਈਆ ਜ਼ਰੂਰ ਕਰ ਲਵੋ ਕਿ ਭਾਵੇਂ ਤੁਸੀਂ ਕੁਝ ਵੀ ਕਰੋ ਜਾਂ ਪ੍ਰਾਪਤ ਕਰਨ 'ਚ ਨਾਕਾਮਯਾਬ ਰਹੋ, ਤੁਸੀਂ ਚੜ੍ਹਦੀਕਲਾ 'ਚ ਹੀ ਵਿੱਚਰੋਗੇ। ਆਪਣੀ ਯਾਤਰਾ ਦੇ ਅਗਲੇ ਪੜਾਅ ਨੂੰ ਇੱਕ ਡੂੰਘੀ ਸੰਤੁਸ਼ਟੀ ਵੱਲ ਅੱਗੇ ਵਧਣ ਦੇ ਇਰਾਦੇ ਨਾਲ ਸ਼ੁਰੂ ਕਰੋ - ਅਤੇ ਤੁਸੀਂ ਉੱਥੇ ਪਹੁੰਚ ਜਾਓਗੇ।

Rare Earth Minerals 'ਤੇ ਚੀਨੀ ਪਾਬੰਦੀ ਨਾਲ ਵਧੀਆਂ ਭਾਰਤ ਦੀਆਂ ਮੁਸ਼ਕਿਲਾਂ

ਨਵੀਂ ਦਿੱਲੀ: ਭਾਰਤੀ ਸਟੇਟ ਬੈਂਕ (SBI) ਦੇ ਅਰਥਸ਼ਾਸਤਰੀਆਂ ਦੀ ਇੱਕ ਤਾਜ਼ਾ ਰਿਪੋਰਟ ਮੁਤਾਬਿਕ ਚੀਨ ਵਲੋਂ ਦੁਰਲੱਭ ਧਰਤੀ ਦੇ ਖਣਿਜਾਂ ਦੀ ਬਰਾਮਦ 'ਤੇ ਲਾਈ ਪਾਬੰਦੀ (ਬੈਨ) ਦਾ ਸਿੱਧਾ ਅਸਰ ਭਾਰਤ ਦੀ ਘਰੇਲੂ ਉਤਪਾਦਨ ਸਮਰੱਥਾ ਅਤੇ ਬਰਾਮਦ ਗਤੀਵਿਧੀਆਂ 'ਤੇ ਪਵੇਗਾ।

ਰਿਪੋਰਟ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਇਹ ਅਸਰ ਵਿਸ਼ੇਸ਼ ਤੌਰ 'ਤੇ ਪੰਜ ਪ੍ਰਮੁੱਖ ਖੇਤਰਾਂ - ਟਰਾਂਸਪੋਰਟ ਸਮੱਗਰੀ, ਬੇਸਿਕ ਮੈਟਲਜ਼, ਮਸ਼ੀਨਰੀ, ਨਿਰਮਾਣ ਅਤੇ ਇਲੈਕਟ੍ਰੀਕਲ ਅਤੇ ਇਲੈਕਟ੍ਰੌਨਿਕਸ - 'ਚ ਦੇਖਣ ਨੂੰ ਮਿਲੇਗਾ। ਆਉਣ ਵਾਲੇ ਦਿਨਾਂ 'ਚ ਇਹ ਬੈਨ ਭਾਰਤ ਦੇ ਸਾਹਮਣੇ ਚੁਣੌਤੀਆਂ ਖੜ੍ਹੀਆਂ ਕਰ ਸਕਦਾ ਹੈ।

ਭਾਰਤ ਲਈ ਇੱਕ ਪ੍ਰਮੁੱਖ ਸਪਲਾਇਰ ਹੈ



ਚੀਨ: ਲੇਟੈੱਸਟ ਰਿਪੋਰਟ 'ਚ ਕਿਹਾ ਗਿਆ ਹੈ ਕਿ ਵਿੱਤੀ ਸਾਲ 2024-25 'ਚ ਭਾਰਤ ਨੇ ਦਰਲੱਭ ਧਰਤੀ ਅਤੇ ਉਸ ਨਾਲ ਸਬੰਧਤ ਉਤਪਾਦਾਂ ਦੀ 31.9 ਮਿਲੀਅਨ ਡਾਲਰ ਮੁੱਲ ਦੀ ਦਰਾਮਦ ਕੀਤੀ ਜਦੋਂ ਕਿ ਰੇਅਰ ਅਰਥ ਮੈਗਨੈੱਟਸ ਦੀ ਦਰਾਮਦ ਦਾ ਅੰਕੜਾ 291 ਮਿਲੀਅਨ ਡਾਲਰ ਤਕ ਪਹੁੰਚ ਗਿਆ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਭਾਰਤ 'ਚ ਇਨ੍ਹਾਂ ਸਮੱਗਰੀਆਂ ਦੀ ਖਪਤ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਚੀਨ ਇਨ੍ਹਾਂ ਖਣਿਜਾਂ ਅਤੇ ਕੰਪਾਊਂਡਜ਼ ਦਾ ਭਾਰਤ ਲਈ ਇੱਕ ਪ੍ਰਮੁੱਖ ਸਪਲਾਇਰ ਹੈ। ਇਸ ਉਚ ਨਿਰਭਰਤਾ ਦੌਰਾਨ ਭਾਰਤ ਦੇ ਉਦਯੋਗਿਕ ਖੇਤਰ, ਖ਼ਾਸ ਤੌਰ 'ਤੇ ਮੈਨੂਫ਼ੈਕਚਰਿੰਗ ਅਤੇ ਬਰਾਮਦ ਜੋਖਮ 'ਚ ਆ ਸਕਦੇ ਹਨ।

ਘਰੇਲੂ ਪੱਧਰ 'ਤੇ ਖਣਿਜਾਂ ਦੀ ਖੋਜ ਨੂੰ ਉਤਸ਼ਾਹ ਦੇਣਾ ਜ਼ਰੂਰੀ: ਰਿਪੋਰਟ 'ਚ ਇਹ ਵੀ ਸੰਕੇਤ ਦਿੱਤਾ ਗਿਆ ਹੈ ਕਿ ਵਿੱਤੀ ਸੰਸਥਾਵਾਂ, ਵਿਸ਼ੇਸ਼ ਤੌਰ 'ਤੇ ਬੈਂਕਿੰਗ ਖੇਤਰ, ਇਸ ਪਾਬੰਦੀ ਦੌਰਾਨ ਅਪ੍ਰਤੱਖ ਤੌਰ 'ਤੇ ਪ੍ਰਭਾਵਿਤ ਹੋ ਸਕਦੇ ਹਨ। SBI ਦੀ ਰਿਪੋਰਟ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਇਸ ਦਰਾਮਦ-ਨਿਰਭਰਤਾ ਨੂੰ ਘੱਟ ਕਰਨ ਲਈ ਭਾਰਤ ਨੂੰ ਘਰੇਲੂ ਪੱਧਰ 'ਤੇ ਖਣਿਜਾਂ ਦੀ ਖੋਜ ਅਤੇ ਸ਼ੋਸ਼ਣ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ। ਇਸ ਸੰਦਰਭ 'ਚ ਰਿਪੋਰਟ 'ਚ ਓਡਿਸ਼ਾ ਸਰਕਾਰ ਦੀ ਅੱਠ ਹਜ਼ਾਰ ਕਰੋੜ ਰੁਪਏ ਦੀ ਯੋਜਨਾ ਦੀ ਚਰਚਾ ਕੀਤੀ ਗਈ ਹੈ ਜਿਸ ਤਹਿਤ ਗੰਜਾਮ ਜ਼ਿਲ੍ਹੇ 'ਚ ਖਣਿਜਾਂ ਦੀ ਖੋਜ ਕੀਤੀ ਜਾ ਰਹੀ ਹੈ।

ਵਕੀਲ ਦੀ ਲੋੜ ? 905-362-0755
ਸਸਤੀਆਂ ਹਵਾਈ ਟਿਕਟਾਂ 905-595-1700
Sher Atta $14.99 20LB 905-678-0300
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

ਕੈਨੇਡਾ 'ਚ ਮਾਪਿਆਂ ਅਤੇ ਗ੍ਰੈਂਡ ਪੇਰੈਂਟਸ ਨੂੰ ਸੱਦਣ ਵਾਲੇ ਭਾਰਤੀਆਂ ਨੂੰ ਦਿੱਤਾ ਝਟਕਾ

ਟੋਰੌਂਟੋ: ਕੈਨੇਡਾ 'ਚ ਆਪਣੇ ਮਾਪਿਆਂ ਜਾਂ ਗ੍ਰੈਂਡ ਪੇਰੈਂਟਸ ਨੂੰ ਸੱਦਣ ਦੇ ਚਾਹਵਾਨ ਭਾਰਤੀਆਂ ਨੂੰ ਸਰਕਾਰ ਨੇ ਇੱਕ ਵੱਡਾ ਝਟਕਾ ਦਿੱਤਾ ਹੈ। ਸਰਕਾਰ ਨੇ ਮਾਪਿਆਂ ਨੂੰ ਕੈਨੇਡਾ ਸੱਦਣ ਦੇ ਚਾਹਵਾਨ ਪਰਵਾਸੀਆਂ ਲਈ ਘੱਟੋ-ਘੱਟ ਆਮਦਨ ਦੀ ਸ਼ਰਤ ਵਧਾ ਦਿੱਤੀ ਹੈ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਮੁਤਾਬਿਕ ਪੇਰੈਂਟਸ ਅਤੇ ਗਰੈਂਡ ਪੇਰੈਂਟਸ ਪ੍ਰੋਗਰਾਮ (PGP) ਅਧੀਨ ਸਪੌਂਸਰਸ਼ਿਪ ਲਈ ਕੈਨੇਡੀਅਨ ਨਾਗਰਿਕਾਂ ਜਾਂ ਪਰਮਾਨੈਂਟ ਰੈਜ਼ੀਡੈਂਟਸ ਦੀ ਘੱਟੋ-ਘੱਟ ਆਮਦਨ 47 ਹਜ਼ਾਰ 549 ਡਾਲਰ ਸਾਲਾਨਾ ਹੋਣੀ ਚਾਹੀਦੀ ਹੈ। ਇਹ ਰਕਮ ਪਿਛਲੇ ਸਾਲ ਲਾਗੂ ਸ਼ਰਤ ਤੋਂ ਤਿੰਨ ਹਜ਼ਾਰ ਡਾਲਰ ਵੱਧ ਬਣਦੀ ਹੈ ਅਤੇ ਪਰਿਵਾਰ 'ਚ ਸਿਰਫ਼ ਦੋ ਮੈਂਬਰ ਹੋਣ 'ਤੇ ਹੀ ਲਾਗੂ

ਹੋਵੇਗੀ। ਪਰਿਵਾਰ 'ਚ ਤਿੰਨ ਮੈਂਬਰ ਹੋਣ 'ਤੇ ਸਾਲਾਨਾ ਆਮਦਨ ਦੀ ਸ਼ਰਤ 58 ਹਜ਼ਾਰ 456 ਡਾਲਰ ਹੋ ਜਾਂਦੀ ਹੈ ਅਤੇ ਇਹ ਰਕਮ 2024 'ਚ ਲਾਗੂ ਸ਼ਰਤ ਤੋਂ ਚਾਰ ਹਜ਼ਾਰ ਡਾਲਰ ਵੱਧ ਬਣਦੀ ਹੈ। ਕੈਨੇਡਾ ਰਹਿੰਦੇ ਪਰਿਵਾਰ 'ਚ ਚਾਰ ਮੈਂਬਰ ਹੋਣ 'ਤੇ ਘੱਟੋ-ਘੱਟ ਆਮਦਨ 70 ਹਜ਼ਾਰ 972 ਡਾਲਰ ਹੋਣੀ ਚਾਹੀਦੀ ਹੈ ਤਾਂ ਹੀ ਮਾਪਿਆਂ, ਦਾਦੀ-ਦਾਦੀ ਜਾਂ ਨਾਨ-ਨਾਨੀ ਨੂੰ ਸਪੌਂਸਰ ਕਰਨ ਦੀ ਇਜਾਜ਼ਤ ਮਿਲ ਸਕਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇਮੀਗ੍ਰੇਸ਼ਨ ਵਿਭਾਗ ਵਲੋਂ ਪੇਰੈਂਟਸ ਅਤੇ ਗਰੈਂਡ ਪੇਰੈਂਟਸ ਪ੍ਰੋਗਰਾਮ ਅਧੀਨ 10 ਹਜ਼ਾਰ ਨਵੀਆਂ ਅਰਜ਼ੀਆਂ ਪ੍ਰਵਾਨ ਕਰਨ ਦਾ ਐਲਾਨ ਕੀਤਾ ਗਿਆ ਹੈ, ਅਤੇ 17 ਹਜ਼ਾਰ ਤੋਂ ਵੱਧ ਸੰਭਾਵਿਤ ਸਪੌਂਸਰਾਂ ਨੂੰ 28 ਜੁਲਾਈ ਤੋਂ ਅਰਜ਼ੀਆਂ ਦਾਖਲ ਕਰਨ ਦੇ ਸੱਦੇ ਭੇਜਣ ਦਾ ਸਿਲਸਿਲਾ ਆਰੰਭਿਆ ਜਾ ਰਿਹਾ ਹੈ। ਦਿਲਚਸਪੀ ਦਾ ਪ੍ਰਗਟਾਵਾ ਦਾਖਲ ਕਰਨ ਦੇ ਬਾਵਜੂਦ 28 ਜੁਲਾਈ ਤੋਂ ਬਾਅਦ ਸਪੌਂਸਰਸ਼ਿਪ ਦਾਖਲ ਕਰਨ ਦਾ ਪੱਕਾ ਸੱਦਾ ਹਾਸਿਲ ਕਰਨ ਤੋਂ ਖੁੰਝੇ ਪਰਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸੁਪਰ ਵੀਜ਼ਾ ਜਾਂ 10 ਸਾਲ ਦੇ ਮਲਟੀਪਲ ਐਂਟਰੀ ਵੀਜ਼ਾ ਦੀ ਔਪਸ਼ਨ ਲੈ ਸਕਦੇ ਹਨ। ਸੁਪਰ ਵੀਜ਼ਾ ਰਾਹੀਂ ਪਰਵਾਸੀਆਂ ਦੇ ਮਾਪੇ, ਦਾਦ-ਦਾਦੀ ਜਾਂ ਨਾਨਾ-ਨਾਨੀ ਪੰਜ ਸਾਲ ਤਕ ਕੈਨੇਡਾ 'ਚ ਰਹਿ ਸਕਦੇ ਹਨ।

ਇਸ ਤੋਂ ਇਲਾਵਾ ਕੈਨੇਡਾ 'ਚ ਮੌਜੂਦਗੀ ਦੌਰਾਨ ਦੋ ਸਾਲ ਦੀ ਮਿਆਦ ਹੋਰ ਵਧਾਈ ਜਾ ਸਕਦੀ ਹੈ। ਸਾਲ 2024 ਦੌਰਾਨ 35 ਹਜ਼ਾਰ 700 ਬਿਨੈਕਾਰਾਂ ਨੂੰ ਅਰਜ਼ੀ ਦਾਖਲ ਕਰਨ ਦਾ ਸੱਦਾ ਦਿਤਾ ਗਿਆ ਜਿਨ੍ਹਾਂ 'ਚੋਂ 20 ਹਜ਼ਾਰ 500 ਅਰਜ਼ੀਆਂ ਪ੍ਰਵਾਨ ਕੀਤੀਆਂ ਜਾਣਗੀਆਂ। ਇਮੀਗ੍ਰੇਸ਼ਨ ਬਾਰੇ ਸਾਲਾਨਾ ਰਿਪੋਰਟ ਮੁਤਾਬਿਕ 2023 ਦੇ ਅੰਤ ਤਕ ਪੇਰੈਂਟਸ ਅਤੇ ਗਰੈਂਡਪੇਰੈਂਟਸ ਨੂੰ PR ਵਾਲੀ ਸ਼੍ਰੇਣੀ ਅਧੀਨ 40 ਹਜ਼ਾਰ ਤੋਂ ਵੱਧ ਸਪੌਂਸਰਸ਼ਿਪ ਅਰਜ਼ੀਆਂ ਵਿਚਾਰ ਅਧੀਨ ਸਨ ਅਤੇ ਪ੍ਰੋਸੈੱਸਿੰਗ ਦਾ ਸਮਾਂ ਦੋ ਸਾਲ ਮੰਨਿਆ ਜਾਂਦਾ ਹੈ।

ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
Line of Credit Fix Bad Credit Get OSAP Loan 416-816-8500
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
Sher Atta $14.99 20LB 905-678-0300
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਦੰਦਾਂ ਦੀ ਦੇਖਭਾਲ 905-450-5600
ਜਾਦੂ ਟੂਣੇ ਦੀ ਕਾਟ 1-604-961-6635